**ਮਿਤੀ 4/6/2007 ਨੂੰ ਸਵੇਰੇ 11.00 ਵਜੇ, ਪੰਜਾਬ ਭਵਨ, ਚੰਡੀਗੜ੍ਹ ਵਿਖੇ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਬਾਰਡਰ ਏਰੀਆ ਦੇ ਵਿਕਾਸ ਸਬੰਧੀ ਹੋਈ ਮੀਟਿੰਗ ਦੀ ਕਾਰਵਾਈ**

1. ਮਾਨਯੋਗ ਮੁੱਖ ਮੰਤਰੀ ਜੀ ਨੇ ਚਾਹਿਆ ਕਿ ਹਰੇਕ ਬਾਰਡਰ ਬਲਾਕ ਲਈ ਤਕਰੀਬਨ 7 ਕਰੋੜ ਰੁਪਏ ਵਿਕਾਸ ਦੇ ਕੰਮਾਂ ਲਈ ਉਪਲਬਧ ਹਨ ਅਤੇ ਇਨ੍ਹਾਂ ਕੰਮਾਂ ਨੂੰ ਬੀ.ਏ.ਡੀ.ਪੀ. ਦੀਆਂ ਅਗਵਾਈ ਲੀਹਾਂ ਮੁਤਾਬਕ ਉਲੀਕਿਆ ਜਾਣਾ ਹੈ। ਵਿਚਾਰ ਵਟਾਂਦਰੇ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ :-

(ੳ) ਹਰੇਕ ਬਲਾਕ ਵਿਚ 4 ਸੀਨੀਅਰ ਸਕੈਂਡਰੀ/ਹਾਈ ਸਕੂਲਾਂ ਦੀ ਸ਼ਨਾਖਤ ਕੀਤੀ ਜਾਵੇ ਜਿਨ੍ਹਾਂ ਵਿਚ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਜਾਵੇ ਅਤੇ ਸਕੂਲਾਂ ਵਿੱਚ ਸਾਇੰਸ ਸਟਰੀਮ ਨੂੰ ਪਹਿਲ ਦਿੱਤੀ ਜਾਵੇ।

(ਅ) ਹਰੇਕ ਬਲਾਕ ਵਿਚ ਇਕ ਕਮਿਊਨਿਟੀ ਹੈਲਥ ਸੈਂਟਰ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜਬੂਤ ਕੀਤਾ ਜਾਵੇ ਜਿਸ ਵਿਚ ਹਰ ਤਰ੍ਹਾਂ ਦੀ ਸਹੂਲਤ ਅਤੇ ਹਰ ਤਰ੍ਹਾਂ ਦੇ ਮੈਡੀਕਲ ਇਕੁਯੂਪਮੈਂਟ ਉਪਲਬਧ ਕਰਵਾਏ ਜਾਣ।

(ੲ) ਹਰੇਕ ਬਲਾਕ ਵਿਚ ਇਕ ਵੈਟਰਨਿਰੀ ਹਸਪਤਾਲ ਨੂੰ ਵੀ ਚੰਗੇਰਾ ਬਣਾਇਆ ਜਾਵੇ ਅਤੇ ਹਰ ਤਰ੍ਹਾਂ ਦੀ ਸਹੂਲਤ ਅਤੇ ਹਰ ਤਰ੍ਹਾਂ ਦੇ ਮੈਡੀਕਲ ਇਕੁਯੂਪਮੈਂਟ ਉਪਲਬਧ ਕਰਵਾਏ ਜਾਣ।

(ਸ) ਹਰੇਕ ਬਲਾਕ ਵਿਚ ਇਕ ਆਈ.ਟੀ.ਆਈ ਜਾਂ ਪੌਲੀਟੈਕਨਿਕ ਦੇ ਬੁਨਿਆਦੀ ਢਾਂਚੇ ਨੂੰ ਹੋਰ ਵਿਕਸਿਤ ਕੀਤਾ ਜਾਵੇ। ਜੇਕਰ ਤਕਨੀਕੀ ਸਿਖਲਾਈ ਦੀ ਸੰਸਥਾ ਨਾ ਹੋਵੇ ਤਾਂ Skill upgradation ਲਈ ਨਵੇਂ ਸਾਧਨ ਮੁਹੱਈਆ ਕਰਾਉਣ ਬਾਰੇ ਤਰਜੀਹ ਦਿੱਤੀ ਜਾਵੇ।

2. ਮਾਨਯੋਗ ਮੁੱਖ ਮੰਤਰੀ ਜੀ ਨੇ ਚਾਹਿਆ ਕਿ ਪੰਜਾਬ ਸਰਕਾਰ ਵਲੋਂ ਭਾਰਤ ਦੇ ਗ੍ਰਹਿ ਮੰਤਰੀ ਅਤੇ ਰੱਖਿਆ ਮੰਤਰੀ ਜੀ ਨੂੰ ਚਿੱਠੀ ਲਿਖੀ ਜਾਵੇ ਅਤੇ ਬੇਨਤੀ ਕੀਤੀ ਜਾਵੇ ਕਿ ਉਹ ਆਪਣਾ ਸਮਾਂ ਕੱਢ ਕੇ ਪੰਜਾਬ ਦੇ ਬਾਰਡਰ ਏਰੀਆ ਵਿਚ ਆਉਣ, ਅਤੇ ਇਥੋਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੋਣ।

ਮਾਨਯੋਗ ਮੁੱਖ ਮੰਤਰੀ ਜੀ ਨੇ ਇਹ ਵੀ ਚਾਹਿਆ ਹੈ ਕਿ ਯੋਜਨਾਬੰਦੀ ਵਿਭਾਗ ਜਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੇ ਬਾਰਡਰ ਏਰੀਆ ਦੀ ਸਮੱਸਿਆ ਲਈ ਵੱਖਰੀਆਂ-ਵੱਖਰੀਆਂ ਕਮੇਟੀਆਂ ਦਾ ਗਠਨ ਕਰਨ ਜਿਸ ਵਿਚ ਸਬੰਧਤ ਅਫਸਰ, ਐਸ.ਪੀ., ਐਮ.ਐਲ.ਏ., ਪੁਲਿਸ ਅਤੇ ਬੀ.ਐਸ.ਐਫ. ਆਦਿ ਦੇ ਅਧਿਕਾਰੀ ਮੈਂਬਰ ਹੋਣ।

3. **ਵਾਟਰ ਸਪਲਾਈ ਅਤੇ ਸੈਨੀਟੇਸਨ ਪ੍ਰਾਜੈਕਟ** – ਮਾਨਯੋਗ ਮੁੱਖ ਮੰਤਰੀ ਜੀ ਨੇ ਵਰਲਡ ਬੈਂਕ ਵਲੋਂ ਪ੍ਰਯੋਜਿਤ ਵਾਟਰ ਸਪਲਾਈ ਅਤੇ ਸੈਨੀਟੇਸਨ ਪ੍ਰਾਜੈਕਟ ਦੀ ਸਮੀਖਿਆ ਵੀ ਕੀਤੀ। ਉਹਨਾਂ ਨੇ ਦੱਸਿਆ ਕਿ ਹਰੇਕ ਬਲਾਕ ਵਿਚ ਇਸ ਸਾਲ–

(ੳ) 5 ਪਿੰਡਾਂ ਦੀ ਸ਼ਨਾਖਤ ਕੀਤੀ ਜਾਵੇ ਜਿਥੇ ਇਸ ਸਮੇਂ ਕੋਈ ਵਾਟਰ ਸਪਲਾਈ ਸਕੀਮ ਨਹੀਂ ਹੈ (Non-Covered) ਜਾਂ ਫਿਰ ਉਹ ਪਿੰਡ ਜਿਥੇ ਵਾਟਰ ਸਪਲਾਈ ਸਕੀਮ ਤਾਂ ਹੈ ਪਰ ਪੂਰੇ ਪਿੰਡ ਲਈ ਪਰਿਆਪਤ ਨਹੀਂ ਹੈ (Partially Covered)।

(ਅ) 3 ਪਿੰਡ ਜਿਥੇ ਵਾਟਰ ਸਪਲਾਈ ਸਕੀਮ ਦਾ ਮਜਬੂਤੀਕਰਣ ਕੀਤਾ ਜਾਣਾ ਹੈ।

(ੲ) ਇਕ ਪਿੰਡ ਜਿਥੇ ਸੀਵਰ ਪਾਇਆ ਜਾਣਾ ਹੈ।

(ਸ) 2 ਪਿੰਡ ਜਿਥੇ ਟੋਭਿਆਂ ਦੀ ਸਫਾਈ ਕੀਤੀ ਜਾਣੀ ਹੈ।

ਇਹ ਸੀਵਰ ਬਾਰਡਰ ਬਲਾਕ ਦੇ ਪਿੰਡਾਂ ਵਿਚ ਪਾਏ ਜਾਣੇ ਹਨ ਇਸ ਕਰਕੇ ਲੋਕਾਂ ਨੇ ਆਪਣੇ ਪੱਧਰ ਤੇ ਪੂਰੇ ਤਖਮੀਨੇ ਦਾ 5 ਪ੍ਰਤੀਸ਼ਤ ਦਾ ਹਿੱਸਾ ਦੇਣਾ ਹੈ। ਇਹ 5 ਪ੍ਰਤੀਸ਼ਤ ਹਿੱਸਾ ਪਿੰਡਾਂ ਵਿਚ ਵਾਟਰ ਸਪਲਾਈ ਸਕੀਮਾਂ ਲਈ ਲੋਕ ਆਪਣੇ ਪੱਧਰ ਤੇ ਇਕੱਠੇ ਕਰਨਗੇ ਜਦੋਂ ਕਿ ਸੀਵਰ ਅਤੇ ਟੋਭਿਆਂ ਦੀ ਸਫਾਈ ਇਸ ਕੰਟਰੀਬਿਊਸਨ ਦੇ ਅੱਧੇ ਹਿੱਸੇ ਭਾਵ (2.5 ਪ੍ਰਤੀਸ਼ਤ) ਗਰਾਮ ਪੰਚਾਇਤ ਆਮਦਨ ਵਿਚੋਂ, ਐਮ.ਪੀ.ਲੈਡ ਸਕੀਮ ਜਾਂ ਸਰਕਾਰ ਦੀ ਹੋਰ ਸਕੀਮ ਵਿਚੋਂ ਪਾਇਆ ਜਾ ਸਕਦਾ ਹੈ।

ਇਸ ਬਾਰੇ ਡੀ.ਸੀ. ਸਾਹਿਬਾਨ ਨੂੰ ਮਾਨਯੋਗ ਮੁੱਖ ਸਕੱਤਰ ਵਲੋਂ ਮਿਤੀ 8/5/2●●7 ਨੂੰ ਵਿਸਥਾਰ ਵਿਚ ਅੱਧ ਸਰਕਾਰੀ ਪੱਤਰ ਲਿਖ ਦਿੱਤਾ ਗਿਆ ਸੀ। ਉਪਸਥਿਤ ਡਿਪਟੀ ਕਮਿਸਨਰਜ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣੇ ਜਿਲ੍ਹਾ ਪੱਧਰ ਉਪਰ ਬੀ.ਡੀ.ਪੀ.ਓ. ਅਤੇ ਐਮ.ਐਲ.ਏ. ਸਾਹਿਬਾਨ ਨੂੰ ਬੁਲਾਉਣ ਅਤੇ ਵੱਖ ਵੱਖ ਗਰਾਮ ਪੰਚਾਇਤਾਂ ਤੋਂ ਮਤੇ ਅਤੇ ਬਣਦਾ ਹਿੱਸਾ ਇਕੱਠਾ ਕਰਨ।

ਮਾਨਯੋਗ ਮੁੱਖ ਮੰਤਰੀ ਜੀ ਨੇ ਚਾਹਿਆ ਕਿ ਸਬੰਧਤ ਡਿਪਟੀ ਕਮਿਸ਼ਨਰ ਸਾਹਿਬਾਨ ਆਪ ਆਪਣੇ ਜਿਲ੍ਹਿਆ ਵਿੱਚ ਪੈਂਦੇ Border ਬਲਾਕਾਂ ਲਈ ਤਜਵੀਜਾ (ਤਖਮੀਨੇ ਸਮੇਤ) 1● ਦਿਨਾਂ ਦੇ ਅੰਦਰ ਤਿਆਰ ਕਰਵਾਕੇ ਯੋਜਨਾਬੰਦੀ ਵਿਭਾਗ ਅਤੇ ਮੁੱਖ ਮੰਤਰੀ ਦਫਤਰ ਨੂੰ ਭੇਜਣ।

4. **ਬਾਰਡਰ ਏਰੀਆ ਦੀਆਂ ਹੇਠ ਲਿਖੀਆਂ ਵੱਖ ਵੱਖ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ:-**

(1) ਗਰਾਮ ਪੰਚਾਇਤ ਦੀ ਜਮੀਨ ਲਈ ਟਿਊਬਵੈਲ ਕਨੈਕਸ਼ਨ ਦੇਣਾ। (**ਸਕੱਤਰ ਊਰਜਾ/ਚੇਅਰਮੈਨ PSEB)**

(2) ਤਾਰਾਂ ਤੋਂ ਪਾਰ ਜੋ ਜਮੀਨ ਹੈ ਉਸ ਲਈ ਵੱਖਰਾ ਫੀਡਰ ਲਗਾਉਣ ਬਾਰੇ। (**ਸਕੱਤਰ ਊਰਜਾ/ ਚੇਅਰਮੈਨ PSEB)**

(3) ਟਿਊਬਵੈਲ ਕਨੈਕਸ਼ਨ ਡਿਮਾਂਡ ਦੇ ਮੁਤਾਬਕ ਪਹਿਲ ਤੇ ਦੇਣਾ। (-**ਉਹੀ**-)

(4) ਜਲਾਲਾਬਾਦ ਡਰੇਨ ਦਾ ਪਾਣੀ ਰੋਕਿਆ ਜਾਵੇ ਤਾਂ ਜੋ ਗਰਾਊਂਡ ਵਾਟਰ ਦੀ ਰੀਚਾਰਜਿੰਗ ਹੋ ਸਕੇ। (**ਸਕੱਤਰ ਸਿੰਚਾਈ**)

(5) 2●●1 ਵਿਚ ਫੌਜ ਵਲੋਂ ਲਾਈਆਂ ਗਈਆਂ ਮਾਈਨਜ ਲਈ ਜੋ ਮੁਆਵਜਾ ਦਿੱਤਾ ਜਾਣਾ ਹੈ ਉਹ ਮੁਆਵਜਾ ਦੇਣ ਬਾਰੇ। (**ਸਬੰਧਤ ਡੀ.ਸੀ**)

(6) Evacuee Property ਜਮੀਨ ਦੀ ਗਿਰਦਾਵਰੀ ਬਦਲਣ ਬਾਰੇ ਜੋ ਬੈਨ ਲਾਇਆ ਗਿਆ ਹੈ ਇਸ ਬਾਰੇ ਮੁੜ ਵਿਚਾਰ ਕੀਤਾ ਜਾਵੇ। (**ਵਿੱਤ ਕਮਿਸ਼ਨਰ, ਮਾਲ**)

(7) ਇਨ੍ਹਾਂ ਜਮੀਨਾਂ ਦੀ ਅਲਾਟਮੈਂਟ ਵੇਲੇ ਅਲਾਟੀ ਤੇ 2● ਸਾਲਾਂ ਵਿਚ ਜਮੀਨ ਨਾ ਵੇਚਣ ਦੀ ਜੋ ਸਰਤ ਲਾਈ ਜਾਂਦੀ ਹੈ ਉਸਨੂੰ ਘਟਾ ਕੇ 1● ਸਾਲ ਕਰਨ ਬਾਰੇ । (-**ਉਹੀ**-)

(8) ਪੱਟੀ ਵਿਖੇ ਜੋ ਫਿਜੀਕਲ ਐਜੂਕੇਸਨ ਕਾਲਜ ਪਿਛਲੇ ਇਕ ਸਾਲ ਤੋਂ ਚਲ ਰਿਹਾ ਹੈ ਉਸ ਨੂੰ ਚਾਲੂ ਰੱਖਣ ਲਈ ਵਿਭਾਗ ਵੱਲੋਂ ਉਪਰਾਲੇ ਕੀਤੇ ਜਾਣ। (**ਸਕੱਤਰ, ਉਚੇਰੀ ਸਿੱਖਿਆ**)

(9) ਬਾਰਡਰ ਜਿਲਿਆਂ ਵਿਚ ਜੋ ਇੰਡਸਟਰੀ ਲਗਦੀ ਹੈ ਉਸ ਨੂੰ ਸਬਸਿਡੀ ਦੇਣ ਲਈ। (**ਪ੍ਰ. ਸਕੱਤਰ, ਉਦਯੋਗ**)

(1●) ਉੱਝ ਅਤੇ ਸੱਕੀ ਨਾਲਾ ਤੋਂ ਬਾਰਡਰ ਇਲਾਕੇ ਵਿੱਚ ਹੜ੍ਹਾਂ ਤੋਂ ਨੁਕਸਾਨ ਰੋਕਣ ਲਈ। (**ਸਕੱਤਰ, ਸਿੰਚਾਈ**)

(11) ਬਾਰਡਰ ਫੈਂਸ ਲਈ ਜੋ ਜਮੀਨ ਐਕੁਆਇਰ ਕੀਤੀ ਗਈ ਸੀ ਉਸ ਦਾ ਮੁਆਵਜਾ ਦੇਣ ਬਾਰੇ। (**ਵਿੱਤ ਕਮਿਸ਼ਨਰ, ਮਾਲ)**

(12) ਫਿਰੋਜਪੁਰ ਜਿਲੇ ਦੇ ਫਾਜਿਲਕਾ ਅਤੇ ਜਲਾਲਾਬਾਦ ਇਲਾਕੇ ਵਿਚ ਛਿਮਾਹੀ ਨਹਿਰ ਬਾਰਾ ਮਾਹੀ ਨਹਿਰ ਵਿਚ ਬਦਲਣ ਬਾਰੇ ਤਾਂ ਜੋ ਪਿੰਡਾਂ ਵਲੋਂ ਪਾਣੀ ਦੀ ਸਕੀਮ ਨੂੰ ਪਾਣੀ ਮਿਲ ਸਕੇ। (**ਸਕੱਤਰ, ਸਿੰਚਾਈ**)

(13) ਬਿਜਲੀ ਬੋਰਡ ਦੇ ਮੁਲਾਜਮਾਂ ਜਿਵੇਂ JE/SSA, ਆਦਿ ਦੀ ਟਰਾਂਸਫਰ ਦੇ ਅਧਿਕਾਰ ਹੇਠਲੇ ਅਫਸਰਾਂ ਨੂੰ ਦੇਣ ਲਈ। (**Ch.PSEB)**

(14) ਨਹਿਰਾਂ ਦੇ ਹੇਠਲੇ ਸਿੰਚਾਈ ਰਕਬੇ (tails) ਨੂੰ ਬਣਦਾ ਪਾਣੀ ਮੁਹੱਈਆ ਕਰਾਉਣ ਲਈ ਉਪਰਲੇ ਕਮਾਂਡ ਏਰੀਏ ਨੂੰ ਕੋਈ ਛੋਟ ਨਾ ਦਿੱਤੀ ਜਾਵੇ। (**ਸਕੱਤਰ, ਸਿੰਚਾਈ**)

(15) ਬਾਰਡਰ ਏਰੀਆ ਦੇ ਗਰਾਮ ਪੰਚਾਇਤਾਂ ਨੂੰ ਟਿਊਬਵੈੱਲ ਕਨੈਕਸ਼ਨ ਪਹਿਲ ਦੇ ਆਧਾਰ ਤੇ ਦਿੱਤੇ ਜਾਣ। (**ਸਕੱਤਰ, ਊਰਜਾ**)

ਮਾਨਯੋਗ ਮੁੱਖ ਮੰਤਰੀ ਜੀ ਨੇ ਚਾਹਿਆ ਕਿ ਸਬੰਧਤ ਪ੍ਰਬੰਧਕੀ ਸਕੱਤਰ ਸਹਿਬਾਨ, ਉਕਤ ਦਿੱਤੇ ਸੁਝਾਉ ਤੇ ਅਮਲ ਕਰਾਉਣ ਬਾਰੇ ਉਨ੍ਹਾਂ ਨੂੰ 15 ਦਿਨਾਂ ਦੇ ਅੰਦਰ ਜਾਣੂ ਕਰਾਉਣ।

(ਸਤੀਸ਼ ਚੰਦਰਾ)
ਸਕੱਤਰ ਯੋਜਨਾ ਤੇ ਤਾਲਮੇਲ